# ਮੇਨਿਨਜਾਈਟਿਸ

## ਆਮ ਨਹੀਂ ਪਰ ਗੰਭੀਰ ਅਤੇ ਛੂਤ ਵਾਲਾ

ਬਹੁਤ ਛੋਟੇ ਅਤੇ ਛੋਟੇ ਬੱਚੇ ਸਭ ਤੋਂ ਵੱਧ ਅਸੁਰੱਖਿਅਤ ਹੁੰਦੇ ਹਨ ਕਿਉਂਕਿ ਉਹਨਾਂ ਦੀ ਪ੍ਰਤਿਰੱਖਿਆ ਪ੍ਰਣਾਲੀ ਦੇ ਪੂਰੀ ਤਰ੍ਹਾਂ ਨਾਲ ਵਿਕਸਿਤ ਨਾ ਹੋਣ ਕਰਕੇ ਉਹ ਲਾਗ ਦਾ ਆਸਾਨੀ ਨਾਲ ਮੁਕਾਬਲਾ ਨਹੀਂ ਕਰ ਸਕਦੇ ਹਨ। ਉਹ ਤੁਹਾਨੂੰ ਇਹ ਨਹੀਂ ਦੱਸ ਸਕਦੇ ਹਨ ਕਿ ਉਹ ਕਿਵੇਂ ਮਹਿਸੂਸ ਕਰ ਰਹੇ ਹਨ ਅਤੇ ਉਹਨਾਂ ਦੀ ਹਾਲਤ ਜਲਦੀ ਨਾਲ ਖ਼ਰਾਬ ਹੋ ਸਕਦੀ ਹੈ। ਉਹਨਾਂ ਦੀ ਜਾਂਚ ਕਰਦੇ ਰਹੋ।

ਮੇਨਿਨਜਾਈਟਿਸ ਦਿਮਾਗ ਦੇ ਚਾਰੇ ਪਾਸੇ ਦੀ ਸੋਜ਼ਸ਼ ਹੁੰਦੀ ਹੈ। ਇਹ ਬਹੁਤ ਗੰਭੀਰ, ਛੂਤ ਵਾਲੀ ਬਿਮਾਰੀ ਹੈ, ਪਰ ਜੇ ਇਸ ਦਾ ਸ਼ੁਰੂ ਵਿੱਚ ਹੀ ਇਲਾਜ ਕਰ ਦਿੱਤਾ ਜਾਵੇ ਤਾਂ ਜ਼ਿਆਦਾਤਰ ਬੱਚੇ ਪੂਰੀ ਤਰ੍ਹਾਂ ਨਾਲ ਠੀਕ ਹੋ ਸਕਦੇ ਹਨ।

**ਤੁਹਾਨੂੰ ਸ਼ੱਕੀ ਮੇਨਿਨਜਾਈਟਿਸ ਦੇ ਕਿਸੇ ਵੀ ਮਾਮਲੇ ਨੂੰ ਹਮੇਸ਼ਾਂ ਸੰਕਟਕਾਲ ਸਮਝਣਾ ਚਾਹੀਦਾ ਹੈ।**

ਸ਼ੁਰੂਆਤੀ ਸੰਕੇਤ ਜ਼ੁਕਾਮ ਜਾਂ ਫਲੂ ਹੋਣ ਵਰਗੇ ਹੋ ਸਕਦੇ ਹਨ। ਮੇਨਿਨਜਾਈਟਿਸ ਵਾਲੇ ਬੱਚੇ ਬਹੁਤ ਤੇਜ਼ੀ ਨਾਲ ਗੰਭੀਰ ਰੂਪ ਵਿੱਚ ਬਿਮਾਰ ਹੋ ਸਕਦੇ ਹਨ, ਇਸ ਲਈ ਯਕੀਨੀ ਬਣਾਓ ਕਿ ਤੁਸੀਂ ਸੰਕੇਤ ਪਛਾਣ ਸਕਦੇ ਹੋ। ਤੁਹਾਡੇ ਬੱਚੇ ਦੀ ਚਮੜੀ ਤੇ ਲਾਲ ਜਾਂ ਜਾਮਨੀ ਧੱਬੇ ਹੋ ਸਕਦੇ ਹਨ। ਗਲਾਸ ਵਾਲੀ ਜਾਂਚ ਕਰੋ। ਇਹਨਾਂ ਦਾਣਿਆਂ ਨੂੰ ਕਾਲੀ ਚਮੜੀ ਤੇ ਦੇਖਣਾ ਮੁਸ਼ਕਲ ਹੋ ਸਕਦਾ ਹੈ, ਇਸ ਲਈ ਆਪਣੇ ਬੱਚੇ ਦੇ ਪੂਰੇ ਸਰੀਰ ਤੇ ਧੱਬਿਆਂ ਦੀ ਜਾਂਚ ਕਰੋ ਕਿਉਂਕਿ ਇਹ ਕਿਤੇ ਵੀ ਸ਼ੁਰੂ ਹੋ ਸਕਦੇ ਹਨ (ਹਲਕੇ ਰੰਗ ਦੇ ਖੇਤਰਾਂ ਨੂੰ ਪਹਿਲਾਂ ਦੇਖੋ)। ਪਰ, ਦਾਣੇ ਹਮੇਸ਼ਾਂ ਮੌਜੂਦ ਨਹੀਂ ਹੁੰਦੇ ਹਨ - ਸਾਰੇ ਸੰਕੇਤਾਂ/ਚਿੰਨ੍ਹਾਂ ਬਾਰੇ ਜਾਣਕਾਰ ਰਹੋ।

**ਬੁਖ਼ਾਰ ਅਤੇ 'ਡਾਕਟਰ ਕਹਿੰਦਾ ਹੈ' ਦੇ ਹੇਠਾਂ ਦਿੱਤੇ ਗਏ ਕਿਸੇ ਵੀ ਹੋਰ ਲੱਛਣਾਂ ਦੀ ਮੌਜੂਦਗੀ ਨੂੰ ਬਹੁਤ ਜ਼ਿਆਦਾ ਗੰਭੀਰਤਾ ਨਾਲ ਲਿਆ ਜਾਣਾ ਚਾਹੀਦਾ ਹੈ। ਸਾਰੇ ਬੱਚੇ ਦਿੱਤੇ ਗਏ ਸਾਰੇ ਸੰਕੇਤ ਨਹੀਂ ਦਿਖਾਉਣਗੇ।**

### ਜੀਪੀ ਕਹਿੰਦਾ ਹੈ

ਜੇ ਹੇਠਾਂ ਦਿੱਤਿਆਂ ਵਿੱਚੋਂ ਕੋਈ ਵੀ ਸੰਕੇਤ ਮੌਜੂਦ ਹੋਵੇ ਤਾਂ ਆਪਣੀ ਪ੍ਰੈਕਟਿਸ ਨਰਸ ਜਾਂ ਜੀਪੀ ਨਾਲ ਸੰਪਰਕ ਕਰੋ।

- ਬੁਖ਼ਾਰ, ਠੰਡੇ ਹੱਥ ਅਤੇ ਪੈਰ।
- ਢਿੱਲੜ ਅਤੇ ਅਸੰਵੇਦਨਸ਼ੀਲ।
- ਉਨੀਂਦਰਾ ਅਤੇ ਜਗਾਉਣਾ ਮੁਸ਼ਕਲ।
- ਧੱਬੇ/ਦਾਣੇ। ਗਲਾਸ ਵਾਲੀ ਜਾਂਚ ਕਰੋ।
- ਤੇਜ਼-ਤੇਜ਼ ਸਾਹ ਲੈਣਾ ਜਾਂ ਘਰਘਰਾਹਟ ਦੀ ਅਵਾਜ਼।
- ਖਿੱਝੂ, ਹੱਥ ਲਗਾਉਣਾ ਪਸੰਦ ਨਾ ਆਉਣਾ।
- ਅਸਧਾਰਨ ਤੌਰ ਤੇ ਰੋਣਾ ਜਾਂ ਕਰਾਹੁਣਾ।

### ਗਲਾਸ ਟੈਸਟ

ਜੇ ਤੁਹਾਡੇ ਬੱਚੇ ਨੂੰ ਦਾਣੇ ਹੋਣ ਤਾਂ 'ਗਲਾਸ ਟੈਸਟ' ਕਰੋ। ਇੱਕ ਕੱਚ ਦੇ ਗਲਾਸ ਨੂੰ ਦਾਣਿਆਂ ਤੇ ਜ਼ੋਰ ਨਾ ਦਬਾਓ। ਜੇ ਤੁਸੀਂ ਗਲਾਸ ਵਿੱਚੋਂ ਧੱਬੇ ਦੇਖ ਸਕੋ ਅਤੇ ਚਮੜੀ ਤੇ ਗਲਾਸ ਦਬਾਏ ਜਾਣ ਤੇ ਉਹ ਫਿੱਕੇ ਨਹੀਂ ਪੈਂਦੇ ਹਨ, ਤਾਂ ਇਸ ਨੂੰ 'ਫਿੱਕੇ ਨਾ ਪੈਣ ਵਾਲੇ ਦਾਣੇ' ਕਿਹਾ ਜਾਂਦਾ ਹੈ। ਜੇ ਤੁਸੀਂ ਇਸ ਕਿਸਮ ਦੇ ਦਾਣੇ ਦੇਖਦੇ ਹੋ, ਤਾਂ ਤੁਰੰਤ ਡਾਕਟਰੀ ਸਲਾਹ ਲਵੋ। ਇਹਨਾਂ ਦਾਣਿਆਂ ਨੂੰ ਕਾਲੀ ਚਮੜੀ ਤੇ ਦੇਖਣਾ ਮੁਸ਼ਕਲ ਹੁੰਦਾ ਹੈ ਇਸ ਲਈ ਪੀਲੇ ਖੇਤਰਾਂ ਨੂੰ ਦੇਖੋ, ਜਿਵੇਂ ਕਿ ਹੱਥ ਦੀਆਂ ਹਥੇਲੀਆਂ, ਪੈਰਾਂ ਦੇ ਤਲਵੇ ਅਤੇ ਪੇਟ।

ਕਾਪੀਰਾਈਟ © ਮੇਨਿਨਜਾਈਟਿਸ ਟਰੱਸਟ 2013

1

ਮੇਰਾ ਬੱਚਾ ਮੇਨਿਨਜਾਈਟਿਸ ਦੇ ਕੁਝ ਸੰਕੇਤ ਦਿਖਾ ਰਿਹਾ ਹੈ।

2

ਕੀ ਤੁਸੀਂ ਗਲਾਸ ਟੈਸਟ ਨੂੰ ਅਜ਼ਮਾਇਆ ਹੈ?

3

ਸ਼ੱਕੀ ਮੇਨਿਨਜਾਈਟਿਸ ਦੇ ਸਾਰੇ ਮਾਮਲਿਆਂ ਨੂੰ ਸੰਕਟਕਾਲ ਦੀ ਤਰ੍ਹਾਂ ਲਵੋ। ਜੇ ਦਬਾਉਣ ਤੇ ਧੱਬੇ ਹਲਕੇ ਨਹੀਂ ਪੈਂਦੇ ਹਨ ਤਾਂ **999 ਤੇ ਕਾਲ ਕਰੋ ਜਾਂ A&E ਤੇ ਜਾਓ**।